Volume 3, Issue 1, January 2017 ISSN NO: 2454 - 2326

# North Asian International Research Journal Consortium

## North Asian International Research Journal Of Multidisciplinary

Chief Editor
Dr. Nisar Hussain Malik

Publisher
Dr. Bilal Ahmad Malik

Associate Editor
Dr.Nagendra Mani Trapathi

CIF IMPACT FACTOR: 4.465

NAIRJC JOURNAL PUBLICATION

North Asian
International
Research Journal Consortium

# Welcome to NAIRJC

ISSN NO: 2454 - 2326

North Asian International Research Journal is a multidisciplinary research journal, published monthly in English, Hindi, Urdu all research papers submitted to the journal will be double-blind peer reviewed referred by members of the editorial board. Readers will include investigator in Universities, Research Institutes Government and Industry with research interest in the general subjects

## Editorial Board


| | | |
|---|---|---|
| J.Anil Kumar<br>Head Geography University of Thirvanathpuram | Sanjuket Das<br>Head Economics Samplpur University | Adgaonkar Ganesh<br>Dept. of Commerce, B.S.A.U Aruganbad |
| Kiran Mishra<br>Dept. of English,Ranchi University, Jharkhand | Somanath Reddy<br>Dept. of Social Work, Gulbarga University. | Rajpal Choudhary<br>Dept. Govt. Engg. College Bikaner Rajasthan |
| R.D. Sharma<br>Head Commerce & Management Jammu University | R.P. Pandday<br>Head Education Dr. C.V.Raman University | Moinuddin Khan<br>Dept. of Botany SinghaniyaUniversity Rajasthan. |
| Manish Mishra<br>Dept. of Engg, United College Ald.UPTU Lucknow | K.M Bhandarkar<br>Praful Patel College of Education, Gondia | Ravi Kumar Pandey<br>Director, H.I.M.T, Allahabad |
| Tihar Pandit<br>Dept. of Environmental Science, University of Kashmir. | Simnani<br>Dept. of Political Science, Govt. Degree College Pulwama, University of Kashmir. | Ashok D. Wagh<br>Head PG. Dept. of Accountancy, B.N.N.College, Bhiwandi, Thane, Maharashtra. |
| Neelam Yaday<br>Head Exam. Mat.K..M .Patel College Thakurli (E), Thane, Maharashtra | Nisar Hussain<br>Dept. of Medicine A.I. Medical College (U.P) Kanpur University | M.C.P. Singh<br>Head Information Technology Dr C.V. Rama University |
| Ashak Husssain<br>Head Pol-Science G.B, PG College Ald. Kanpur University | Khagendra Nath Sethi<br>Head Dept. of History Sambalpur University. | Rama Singh<br>Dept. of Political Science A.K.D College, Ald.University of Allahabad |


**Address: -North Asian International Research Journal Consortium (NAIRJC) 221 Gangoo, Pulwama, Jammu and Kashmir, India -192301, Cell: 09086405302, 09906662570, Ph. No: 01933-212815,**
**Email:** nairjc5@gmail.com, info@nairjc.com **Website:** www.nairjc.com


# ' ਇਕੋ ਜਿਹਾ ਦੁੱਖ ' ਕਾਵਿ-ਸੰਗ੍ਰਹਿ ਦਾ ਥੀਮ ਵਿਗਿਆਨਕ ਅਧਿਐਨ

ਮੁਖਵੀਰ ਸਿੰਘ

ਪਰਵਾਸੀ ਪੰਜਾਬੀ ਸਾਹਿਤਕਾਰਾਂ ਵਿਚੋਂ ਸੁਖਵਿੰਦਰ ਕੰਬੋਜ ਮੂਹਰਲੀ ਕਤਾਰ ਦਾ ਸਾਹਿਤਕਾਰ ਹੈ । ਪਰਵਾਸ ਦੌਰਾਨ ਗ੍ਰਹਿਣ ਹੋਏ ਤਮਾਮ ਕੌੜੇ-ਮਿੱਠੇ ਅਨੁਭਵਾਂ ਦਾ ਉਸ ਦੀ ਕਵਿਤਾ ਵਿਚ ਜ਼ਿਕਰਯੋਗ ਪ੍ਰਗਟਾਵਾ ਹੋਇਆ ਨਜ਼ਰ ਆਉਂਦਾ ਹੈ। ਉਸਦੀ ਦੀ ਕਾਵਿਕ ਵਿਲੱਖਣਤਾ ਇਸ ਪੱਖ ਵਿਚ ਨਿਹਿਤ ਹੈ ਕਿ ਉਹ ਨਿੱਜ ਤੋਂ ਪਾਰ ਜਾ ਕੇ ਗਲੋਬਲੀ ਚਿੰਤਨ ਨੂੰ ਆਪਣੀ ਕਾਵਿ ਸਿਰਜਣਾ ਦਾ ਆਧਾਰ ਬਣਾਉਂਦਾ ਹੈ। ਇਸੇ ਪ੍ਰਭਾਵ ਅਧੀਨ ਉਸਨੇ ਹੱਥਲੇ ਕਾਵਿ-ਸੰਗ੍ਰਹਿ ਵਿਚ ਮੈਂ-ਮੂਲਕ ਚੇਤਨਾ ਤੋਂ ਪਾਰ ਜਾ ਕੇ ਇਕੋ ਜਿਹੇ ਦੁੱਖ ਦੀ ਨਿਸ਼ਾਨਦੇਹੀ ਕੀਤੀ ਹੈ।

'ਇਕੋ ਜਿਹਾ ਦੁੱਖ' ਕਾਵਿ-ਸੰਗ੍ਰਹਿ ਸੁਖਵਿੰਦਰ ਕੰਬੋਜ ਦਾ ਚੌਥਾ ਮੌਲਿਕ ਕਾਵਿ-ਸੰਗ੍ਰਹਿ ਹੈ । ਇਸ ਤੋਂ ਪਹਿਲਾਂ ਉਹ 'ਨਵਾਂ ਸੂਰਜ', 'ਜਾਗਦੇ ਅੱਖਰ' ਅਤੇ 'ਨਵੇ ਸੂਰਜ' ਕਾਵਿ-ਸੰਗ੍ਰਿਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ ਸੁਖਵਿੰਦਰ ਕੰਬੋਜ ਰਚਿਤ 'ਇਕੋ ਜਿਹਾ ਦੁੱਖ' ਕਾਵਿ-ਸੰਗ੍ਰਹਿ ਥੀਮ-ਵਿਗਿਆਨਕ ਦ੍ਰਿਸ਼ਟੀ ਤੋਂ ਇਕ ਮਹੱਤਵਪੂਰਨ ਸਾਹਿਤਕ ਰਚਨਾ ਹੈ। 'ਇਕੋ ਜਿਹਾ ਦੁੱਖ' ਦਾ ਥੀਮਕ ਜਗਤ ਪਰਵਾਸ ਦੀਆਂ ਸਮੱਸਿਆਵਾਂ ਅਤੇ ਆਤਮ-ਕੇਂਦਰਿਤ ਹੋ ਚੁਕੇ ਆਧੁਨਿਕ ਮਨੁੱਖ ਦੁਆਲੇ ਉਸਰਿਆ ਹੋਇਆ ਹੈ ।

ਕਾਵਿ-ਸੰਗ੍ਰਹਿ ਵਿਚਲੀ ਪ੍ਰਤੀਨਿਧ ਕਵਿਤਾ 'ਇਕੋ ਜਿਹਾ ਦੁੱਖ' ਵਿਚ ਕਵੀ ਨੇ ਗਤੀਸ਼ੀਲ ਅਤੇ ਗਤੀਹੀਣ ਮੋਟਿਫ਼ਾਂ ਰਾਹੀਂ ਪਰਵਾਸੀਆਂ ਦੇ ਜੀਵਨ ਨੂੰ ਏਧਰ ਦੇ ਲੋਕਾਂ ਦੇ ਜੀਵਨ ਨਾਲ ਤੁਲਨਾਤਮਕ ਪਰਿਪੇਖ ਵਿਚ ਵਿਚਾਰਿਆ ਹੈ। ਕਵਿਤਾ ਦੇ ਆਰੰਭ ਵਿਚ ਹੀ ਕਾਵਿ ਸਿਰਜਤ 'ਅਸੀਂ' (ਸਮੂਹ ਵਿਚ) ਫੌਰੀ ਵਿਗੋਪਨ ਰਾਹੀਂ ਆਪਣੀ ਸਥਿਤੀ ਸਪਸ਼ਟ ਕਰ ਦਿੱਤੀ ਕਿ ਉਹ ਪਰਵਾਸ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੋ ਰਹੇ ਹਨ। ਕਵਿਤਾ ਵਿਚ ਏਧਰ ਦੇ ਲੋਕਾਂ ਲਈ ਪਰਵਾਸੀਆਂ ਦੀ ਚਮਕ-ਦਮਕ ਵਾਲੀ ਜ਼ਿੰਦਗੀ ਅਤੇ ਕਮਜ਼ੋਰ ਆਰਥਿਕਤਾ ਵਿਦੇਸ਼ ਜਾਣ ਲਈ ਪ੍ਰੇਕ ਦਾ ਕਾਰਜ ਕਰਦੀ ਹੈ ਜਦੋਂ ਕਿ ਕਵੀ ਪਰਵਾਸੀਆਂ ਵਿਚਲੇ ਭੂ-ਹੇਰਵੇ ਨੂੰ ਦਰਸਾਉਣ ਲਈ 'ਗੁਲਾਮ ਮਾਨਸਿਕਤਾ ਦਾ ਅਹਿਸਾਸ' , 'ਜੌਬ ਸਟਰੈਸ' , 'ਆਪਣੀ ਸਭਿਅਤਾ ਤੋਂ ਉਲਟ ਮਾਹੌਲ' ਵਰਗੇ ਰਚਨਾ ਪ੍ਰੇਕ ਸਿਰਜਦਾ ਹੈ। ਰਚਨਾਤਮਕ ਲੋੜ ਦੀ ਪੂਰਤੀ ਲਈ ਵਰਤੇ ਗਏ ਮੋਟਿਫ਼ਾਂ ਨੂੰ ਰਚਨਾ ਪ੍ਰੇਰਕ ਕਿਹਾ ਜਾਂਦਾ ਹੈ। [1]




ਕਵੀ 'ਹਫ਼ਤੇ ਭਰ ਦੀ ਬਣੀ ਸਬਜ਼ੀ ਨੂੰ ਫਰਿਜ ਚੋਂ ਕੱਢ ਕੇ ਗਰਮਾਉਣਾ', 'ਸੁਆਣੀਆਂ ਦੇ ਹੈਂਗਰਾਂ ਤੇ ਟੰਗੇ ਚਾਅ, 'ਅਸੀਂ ਵੀ ਇਥੇ ਸਭ ਦਿਹਾੜੀਏ ਹਾਂ' ਆਦਿ ਗਤੀਸ਼ੀਲ ਮੋਟਿਫ਼ਾਂ ਰਾਹੀਂ ਵਾਸੀ ਤੇ ਪਰਵਾਸੀ ਲੋਕਾਂ ਵਿਚਲੇ ਦੁਖਾਂਤ ਵਿਚ ਸਾਂਝ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹਨਾਂ ਮੋਟਿਫ਼ਾਂ ਰਾਹੀਂ ਕਵੀ ਨੇ ਇਹ ਸਪਸ਼ਟ ਕੀਤਾ ਹੈ ਕਿ ਪਰਵਾਸੀਆਂ ਦਾ ਜੀਵਨ ਕੋਈ ਬਹੁਤਾ ਚੰਗਾ ਨਹੀਂ। ਕੀ ਏਧਰਲੇ ਤੇ ਕੀ ਓਧਰਲੇ ਇਕੋ ਜਿਹਾ ਦੁੱਖ ਹੀ ਹੰਢਾਉਂਦੇ ਹਨ :

ਮੇਰੇ ਯਾਰੋ !

ਅਸੀਂ ਵੀ ਇਥੇ ਸਭ ਦਿਹਾੜੀਏ ਹਾਂ

ਬਸ ਜ਼ਰਾ ਕੁ

ਕਾਰਾਂ ਚ ਸਫ਼ਰ ਕਰਦੇ ਦਿਹਾੜੀਏ ।

'ਇਕੋ ਜਿਹਾ ਦੁੱਖ' ਕਾਵਿ-ਸੰਗ੍ਰਹਿ 'ਅਮਰੀਕਾ ਚ ਪੰਜਾਬੀ ਜੀਵਨ', 'ਅਮਰੀਕੀ ਡੇਟਿੰਗ:ਸੱਤ ਪਰਤਾਂ', 'ਜੰਗਲ ਦਾ ਕਾਨੂੰਨ', 'ਚੈਨ ਦੀ ਨੀਂਦ' ਕਵਿਤਾਵਾਂ ਪਰਵਾਸ ਦੇ ਦੁਖਾਂਤਕ ਥੀਮ ਨੂੰ ਸਾਕਾਰ ਕਰਦੀਆਂ ਕਵਿਤਾਵਾਂ ਹਨ ਜਦੋਂ ਕਿ 'ਦਵਾਈ ਮਾਂ ਦੇ ਅੱਥਰੂਆਂ ਦੀ', 'ਫੀਲ ਗੁੱਡ', 'ਸਾਡੇ ਹਾਣ ਦੀ ਗੀਤਾ' ਆਦਿ ਕਵਿਤਾਵਾਂ ਦੇ ਮੋਟਿਫ਼ ਭਾਰਤ ਦੀ ਆਰਥਿਕ ਮੰਦਹਾਲੀ, ਬੇਰੁਜ਼ਗਾਰੀ, ਲੁੱਟ-ਖੁੱਸਟ, ਫਿਰਕੂ-ਦੰਗੇ ਆਦਿ ਦੁਖਾਂਤਕ ਥੀਮਾਂ ਨੂੰ ਅਭਿਵਿਅਕਤ ਕਰਦੇ ਹਨ। ਦੇਸ਼ ਅਤੇ ਪਰਦੇਸ ਵਿਚਲੀਆਂ ਸਥਿਤੀਆਂ ਦੀ ਭਿੰਨਤਾ ਭਾਵੇਂ ਵੱਖਰੇ-ਵੱਖਰੇ ਦੁਖਾਂਤ ਸਿਰਜਦੀ ਹੈ ਪਰ ਪਰਵਾਸੀ ਕਵੀ ਇਹਨਾਂ ਦੀ ਚੀਸ ਇਕੋ ਜਿਹੀ ਮਹਿਸੂਸ ਕਰਦਾ ਹੈ। ਪਰਦੇਸ ਵਿਚ ਮਨੁੱਖ ਸਟਰੈਸ ਕਾਰਨ ਚੈਨ ਦੀ ਨੀਂਦ ਸੌਂ ਨਹੀਂ ਸਕਦਾ:

ਜੀਂਦੇ ਜੀਅ ਸਟਰੈਸ ਨੇ ਮੇਰਾ ਖਹਿੜਾ ਹੀ ਨਾ ਛੱਡਿਆ

ਕੀ ਮੌਤ ਬਾਅਦ ਵੀ ਸਟਰੈਸ ਮੈਨੂੰ ਤੰਗ ਕਰੇਗਾ

ਕਾਂਸ਼! ਮੈਂ ਮੌਤ ਬਾਅਦ

ਚੈਨ ਦੀ ਨੀਂਦ ਸੌਂ ਸਕਾਂ।

ਦੇਸ਼ ਵਿਚ ਪੋਤੇ ਨੂੰ ਵੇਖਣ ਦੀ ਚਾਹਤ ਵਿਚ ਦਮ ਤੋੜਦੇ ਦਾਦੇ ਦਾ ਅਰਮਾਨ ਹੈ ਕਿ ਉਸ ਦਾ ਪੋਤਾ ਉਸ ਦੀ ਮੌਤ ਬਾਅਦ ਆਪਣੇ ਦਾਦੇ ਦੀ ਕਬਰ ਵੱਲ ਜ਼ਰੂਰ ਆਵੇ।

ਪਰ ਜਦੋਂ ਕਦੇ ਤੂੰ ਵੱਡਾ ਹੋਵੇ

ਤਾਂ ਆਪਣੇ ਦਾਦੇ ਦੀ ਕਬਰ ਵੱਲ ਜ਼ਰੂਰ ਆਵੀਂ

..................................

ਤੂੰ ਆਵੀਂ ਕਿ ਤੇਰੇ ਬਿਨ

ਤਾਂ ਮੇਰੀ ਗਤੀ ਵੀ ਨਹੀਂ ਹੈ

ਕਿ ਤੇਰੇ ਆਉਣ ਬਿਨ

ਪਿੱਤਰੀ ਰਿਣ ਕਿੰਝ ਚੁੱਕੇਗਾ?

'ਚੈਨ ਦੀ ਨੀਂਦ' ਤੇ 'ਸਸਕਾਰ' ਲਈ ਕਵਿਤਾਵਾਂ ਵਿਚਲੀਆਂ ਦੋਨੋਂ ਸਥਿਤੀਆਂ ਵਿਚ ਕਾਵਿ-ਸਿਰਜਿਤ 'ਮੈਂ' ਜਿਉਂਦੇ ਜੀਅ ਆਪਣੀਆਂ ਖ਼ਾਹਿਸ਼ਾਂ ਨੂੰ ਪੂਰਾ ਕਰਨ ਦੀ ਕਲਪਨਾ ਵੀ ਨਹੀਂ ਕਰ ਸਕੀ ਉਸ ਦੀ ਚਾਹਤ ਕਿ ਮਰਨ ਤੋਂ ਉਸ ਦੀ ਖ਼ਾਹਿਸ਼ ਪੂਰੀ ਹੋਵੇ।

'ਅਮਰੀਕੀ ਡੇਟਿੰਗ:ਸੱਤ ਪਰਤਾਂ' ਵਿਚਲੇ ਮੋਟਿਫ਼ ਉਤਰ-ਅਧੁਨਿਕਵਾਦੀ ਕੁਰੀਤੀਆਂ ਦੇ ਥੀਮ ਨੂੰ ਪਰਤ-ਦਰ-ਪਰਤ ਨੂੰ ਖੋਲ੍ਹਦੇ ਹਨ। ਇਹਨਾਂ ਪਰਤਾਂ ਦੇ ਖੁਲ੍ਹਣ ਨਾਲ ਪਾਠਕ ਇਹ ਪ੍ਰਮਾਣ ਕਰ ਲੈਂਦਾ ਕਿ ਆਧੁਨਿਕ ਮਨੁੱਖ ਕਿਸ ਹੱਦ ਤੱਕ ਆਤਮ-ਕੇਂਦਰਿਤ ਹੋ ਚੁੱਕਾ ਹੈ। ਉਸ ਦੀ ਇਸੇ ਆਤਮ-ਕੇਂਦਰਿਤ ਸੋਚ ਨੇ ਉਸ ਵਿਚੋਂ ਸੁਹਜ-ਸੁਆਦ ਨੂੰ ਗਾਇਬ ਕਰ ਦਿੱਤਾ ਹੈ। ਖੰਡਿਤ-ਆਪੇ ਦਾ ਸ਼ਿਕਾਰ ਇਹ ਵਿਅਕਤੀ ਉਹਨਾਂ ਰਿਸ਼ਤਿਆਂ ਦੇ ਮੋਹ ਨੂੰ ਤਿਆਗ ਚੁੱਕਾ ਹੈ। ਜਿਹਨਾਂ ਦੀ ਮਨੁੱਖੀ ਜ਼ਿੰਦਗੀ ਵਿਚ ਸਦੀਵੀ ਅਹਿਮੀਅਤ ਹੈ :

ਮੈਂ ਡੇਟ ਤੇ ਚੱਲੀ ਹਾਂ ਮੇਰੇ ਪੱਲੇ ਕੀ ਹੈ ?

ਮਾਂ ਸੋਚਾਂ ਚ ਪੁੱਛਦੀ ਹੈ

ਮੇਰਾ ਜਿਸਮ ਤੇ ਥੋੜ੍ਹੇ ਜਿਹੇ ਪੈਸੇ

ਮੈਂ ਅਚਾਨਕ ਮਰੀ ਮਾਂ ਨੂੰ ਜੁਆਬ ਦਿੰਦੀ ਹਾਂ

ਪੈਸਿਆਂ ਨਾਲ ਤਾਂ ਮੈਂ ਡਰਿੰਕ ਖਰੀਦਾਂਗੀ

ਤੇ ਜਿਸਮ ਨਾਲ ਸਾਜਨ ।

'ਸੰਸਾਰ ਲਈ', 'ਪਿਤਾ', 'ਮਰਸੀਆਂ ਨਹੀਂ', 'ਮਾਂ ਲਈ', 'ਸਮਰਪਣ', 'ਸਵੈ ਦੀ ਮੌਤ', 'ਘਰ ਤੇ ਮੈਂ', 'ਦੋਸਤ ਸ਼ਰਮਾ' ਲਈ ਆਦਿ ਕਵਿਤਾਵਾਂ ਦਾ ਥੀਮਕ ਜਗਤ ਘਰੇਲੂ ਤਣਾਓ ਤੇ ਨਿੱਜੀ ਪਰਵਾਰਕ ਸੰਬੰਧਾਂ ਦੁਆਲੇ ਉਸਰਿਆ ਹੋਇਆ ਹੈ। ਡਾ.ਗੁਰੁਮੇਲ ਸਿੱਧੂ ਅਨੁਸਾਰ :

ਨਿੱਜੀ ਅਤੇ ਪਰਵਾਰਕ ਜੀਵਨ ਨਾਲ ਸੰਬੰਧਤ ਨਜ਼ਮ ਜੇ

ਉਤਰ-ਆਧੁਨਿਕ ਕਦਰਾਂ ਕੀਮਤਾਂ ਦੇ ਪਰਿਪੇਖ ਵਿਚ ਦੇਖਿਆ

ਜਾਵੇ ਤਾਂ ਇਹ ਮਨੁੱਖ ਦੀ ਖੰਡਤ ਮਨੋਦਸ਼ਾ ਦੀ ਸਾ-ਉਪਜ (By Product)

ਹੀ ਜਾਪਦੀਆਂ ਹਨ। ਇਨ੍ਹਾਂ ਦਾ ਵਿਸ਼ਾ ਮੂਲ ਰੂਪ ਵਿਚ ਰਿਸ਼ਤਿਆਂ

ਦੀ ਭੱਜ ਟੁੱਟ ਅਤੇ ਪਰਵਾਰਕ ਜੀਵਨ ਵਿਚੋਂ ਮੋਹ ਮੁਹੱਬਤ ਦੇ ਪਤਲੇ

ਪੈ ਜਾਣ ਨਾਲ ਸੰਬੰਧਤ ਹੈ।[2]

ਸੁਖਵਿੰਦਰ ਕੰਬੋਜ ਇਕ ਦਬੰਗ ਸ਼ਾਇਰ ਹੈ। ਉਸ ਨੂੰ ਟੁੱਕਦਾਰ ਲਹਿਜ਼ੇ ਵਿਚ ਆਪਣੀ ਗੱਲ ਕਹਿਣੀ ਆਉਂਦੀ ਹੈ । ਇਸੇ ਕਾਰਨ ਉਹ ਆਧੁਨਿਕ ਮਨੁੱਖ ਦੀ ਵਿਆਹ ਬਾਹਰੇ ਜਿਨਸੀ ਸਬੰਧਾਂ ਨੂੰ ਪਾਗਲ ਕੁੱਤਾ ਕਵਿਤਾ ਵਿਚ ਇਸ ਤਰ੍ਹਾਂ ਨਸ਼ਰ ਕਰਦਾ ਹੈ :

ਮੈਂ ਪਾਗਲ ਕੁੱਤਾ ਹਾਂ ਤੇ ਭੁੱਲ ਗਿਆ ਹਾਂ

ਕਿ ਪਾਗਲਪਣ ਦਾ ਕੋਈ ਅੰਤ ਨਹੀਂ

ਜਿਵੇਂ ਕਿ ਬੰਦੇ ਦੀ ਮ੍ਰਿਗ ਤ੍ਰਿਸ਼ਨਾ ਦਾ

.................................

ਉਂਝ ਪਾਗਲ ਕੁੱਤੇ ਨੂੰ ਕੀ

ਉਹ ਤਾਂ ਲੱਭ ਹੀ ਲਵੇਗਾ

ਆਪਣੇ ਖਾਣ ਲਈ ਕੋਈ ਹੱਡੀ ।

'ਖੁੱਲ੍ਹੀ ਮੰਡੀ ਕਿ ਸਾਮਰਾਜ', 'ਕਰਾਸ ਫਾਇਰਿੰਗ ਤੇ ਸਾਮਰਾਜ', 'ਸਾਮਰਾਜ' ਆਦਿ ਕਵਿਤਾਵਾਂ ਸਾਮਰਾਜ ਵਿਰੋਧੀ ਸੁਰ ਅਲਾਪਦੀਆਂ ਹਨ। 'ਫ਼ੈਸਲਾ ਤੇ ਭਗਤ ਸਿੰਘ', 'ਮਰਸੀਆ ਨਹੀਂ', 'ਮਾਰਕਸ ਦੀ ਵਾਪਸੀ' ਦੇ ਮੋਟਿਫ਼ ਪ੍ਰਗਤੀਸ਼ੀਲ ਵਿਚਾਰਾਂ ਨੂੰ ਅਭਿਵਿਅਕਤ ਕਰਦੇ ਹਨ ਪਰ 'ਦਵਾਈ ਮਾਂ ਦੇ ਅੱਥਰੂਆਂ ਦੀ', 'ਅਸਾਡੀ ਹਾਰ', 'ਦੁਬਿਧਾ', 'ਪਿਤਾ' ਤੇ ਮੈਂ ਆਦਿ ਕਵਿਤਾਵਾਂ ਦੀ ਪਹਿਲੀ ਪੜ੍ਹਤ ਤੋਂ ਬਾਅਦ ਪਾਠਕ ਮਹਿਸੂਸ ਕਰਦਾ ਹੈ ਕਿ ਕਵੀ ਨੇ ਉੱਤਰ-ਆਧੁਨਿਕਤਵਾਦੀ ਸਮੱਸਿਆਵਾਂ ਦੇ ਨਾਲ-ਨਾਲ ਇਹਨਾਂ ਕਵਿਤਾਵਾਂ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਗਟਾਵਾ ਵੀ ਕੀਤਾ ਹੈ। ਪਰ ਮੋਟਿਫ਼ ਅਧਿਐਨ ਇਹਨਾਂ ਕਵਿਤਾਵਾਂ ਦੇ ਗਹਿਨ ਪੱਧਰ ਵਿਚ ਪਏ ਅਰਥਾਂ ਨੂੰ ਉਜਾਗਰ ਕਰਦਾ ਹੈ। ਜਿਸ ਤੋਂ ਗਿਆਨ ਹੁੰਦਾ ਹੈ ਕਿ ਇਹਨਾਂ ਕਵਿਤਾਵਾਂ ਦਾ ਕਵਿ ਸਿਰਜਤ 'ਮੈਂ' ਸਮਾਜਿਕ, ਆਰਥਿਕ ਤੇ ਰਾਜਨੀਤਿਕ ਕੁਰਤੀਆਂ ਵਿਰੁੱਧ ਜੰਗ ਤਾਂ ਛੇੜਣਾ ਚਾਹੁੰਦਾ ਹੈ ਪਰ ਹਰ ਵਾਰ ਉਸਦੀਆਂ ਬੇਬੱਸੀਆਂ ਅੱਗੇ ਆ ਜਾਂਦੀਆਂ ਹਨ। ਇਹਨਾਂ ਕਵਿਤਾਵਾਂ ਵਿਚ ਮਨੁੱਖ ਦੇ ਬੇਬੱਸ ਹੋਣ ਦਾ ਲੀਤ ਮੋਟਿਫ਼ ਹੀ ਕਵੀ ਨੂੰ ਪ੍ਰਗਤੀਸ਼ੀਲ ਕਵੀ ਦੀ ਬਜਾਏ ਆਧੁਨਿਕਵਾਦੀ ਬਣਾਉਂਦਾ ਹੈ। ਡਾ. ਕਲਬੀਰ ਸਿੰਘ ਕਾਂਗ ਅਨੁਸਾਰ:

ਪ੍ਰਗਤੀਸ਼ੀਲ ਲੇਖਕਾਂ ਦਾ ਵਿਸ਼ਾ ਵੀ ਆਧੁਨਿਕ ਮਨੁੱਖ ਹੀ ਹੈ
ਪਰ ਪ੍ਰਗਤੀਸ਼ੀਲ ਲੇਖਕ ਉਹ ਹੈ ਜਿਸ ਦਾ ਸਿਰਜਿਆ ਆਧੁਨਿਕ
ਮਨੁੱਖ ਆਪਣੀ ਸਥਿਤੀ ਨਾਲ ਸਮੋਝਤਾ ਨਹੀਂ ਕਰਦਾ। ਇਸ ਦੇ
ਉਲਟ ਆਧੁਨਿਕਵਾਦੀ ਲੇਖਕ ਆਪਣੇ ਆਧੁਨਿਕ ਮਨੁੱਖ ਨੂੰ
ਸਥਿਤੀ ਵਿਚ ਇਸ ਤਰ੍ਹਾਂ ਵਿਚਰਦਾ ਹੋਇਆ ਪੇਸ਼ ਕਰਦਾ ਹੈ ਜਿਵੇਂ
ਉਹ ਬੇਬਸ ਹੋਵੇ ਅਤੇ ਸਥਿਤੀ ਨੂੰ ਪ੍ਰਵਾਨ ਕਰਨਾ ਹੀ ਉਸ ਦੀ ਹੋਣੀ ਹੋਵੇ।[3]

'ਦਵਾਈ ਮਾਂ ਦੇ ਅੱਥਰੂਆਂ ਦੀ ਕਵਿਤਾ' ਦਾ ਪਹਿਲੇ ਉਚਾਰ ਦੇ ਮੋਟਿਫ਼ ਘਰ ਦੀ ਮੰਦਹਾਲੀ ਨੂੰ ਰੱਬੀ ਭਾਣਾ ਜਾਂ ਕਿਸਮਤ ਦਾ ਲੇਖਾ ਮੰਨਣਾ ਵਿਚ ਕਾਵਿ-ਸਿਰਜਤ 'ਮੈਂ' ਦਾ ਮੰਦਹਾਲੀ ਦੇ ਕਾਰਨਾਂ ਤੋਂ ਅਣਜਾਣ ਹੋਣ ਨੂੰ ਦਰਸਾਉਂਦਾ ਹੈ। ਅਗਲੇ ਮੋਟਿਫ਼ਾਂ ਵਿਚ ਕਾਵਿ-ਸਿਰਜਤ 'ਮੈਂ' ਦਾ ਪੜ੍ਹਨਾ ਅਤੇ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾਉਣਾ ਬੰਦ ਮੋਟਿਫ਼ ਜੋ ਪਹਿਲੇ ਉਚਾਰ ਦੀ ਅਨਜਾਣਤਾ ਦਾ ਕਾਰਨ ਅਣਪੜ੍ਹਤਾ ਦਰਸਾਉਂਦੇ ਹਨ। ਅਗਲੇ ਮੋਟਿਫ਼ਾਂ ਵਿਚ ਕਵਿ-

ਸਿਰਜਤ 'ਮੈਂ' ਦੀ ਮਾਂ ਸਧਾਰਨ ਮਨੁੱਖ ਦੀਆਂ ਬੇਬੱਸੀਆਂ ਕਾਰਨ ਗੁਰੂ ਗੋਬਿੰਦ ਸਿੰਘ ਵਾਂਗ ਕ੍ਰਾਂਤੀ ਲਈ ਆਪਣੇ ਪੁੱਤਰ ਦੇਣ ਤੋਂ ਅਸਮਰੱਥ ਹੈ। ਮਾਂ ਦੀ ਬੇਬੱਸੀ 'ਚ ਕਵਿ-ਸਿਰਜਤ 'ਮੈਂ' ਨੂੰ ਆਪਣੀ ਇਕੱਲਤਾ ਦਾ ਅਹਿਸਾਸ ਹੁੰਦਾ ਹੈ:

ਪਰ ਗੁਰੂ ਗੋਬਿੰਦ ਸਿੰਘ ਤਾਂ ਗੁਰੂ ਸੀ
ਜੋ ਚਾਰੇ ਪੁੱਤ ਵਾਰ ਸਕਦਾ ਸੀ
ਮੈਂ ਨਿਮਾਣੀ ਨੇ ਤਾਂ ਰੱਬ ਰੱਬ ਕਰਕੇ ਤੇਨੂੰ ਲਿਆ
ਤੇ ਜਦੋਂ ਮੈਂ ਸਮਝ ਸਕਿਆ ਕਿ
ਮਾਂ ਦੇ ਅੱਥਰੂਆਂ ਦਾ ਅਸਲੀ ਕਾਰਨ
ਦਿੱਲੀ ਦੇ ਸੰਸਦ ਭਵਨ ਤੋਂ ਤੁਰਦਾ ਹੈ
ਤਾਂ ਮੇਰੇ ਕੋਲ ਵਾਰਨ ਲਈ ਸਿਰਫ਼ ਸਿਰ ਸੀ।

ਉਪਰੋਕਤ ਮੋਟਿਫ਼ ਅਧਿਐਨ ਤੋਂ ਬਾਅਦ 'ਇਕੋ ਜਿਹਾ ਦੁੱਖ' ਕਾਵਿ-ਸੰਗ੍ਰਹਿ ਦੇ ਆਂਤਰਿਕ ਸੰਗਠਨ ਵਿਚ ਕਾਰਜਸ਼ੀਲ ਥੀਮ ਉਜਾਗਰ ਹੁੰਦੇ ਹਨ। 'ਇਕੋ ਜਿਹਾ' ਦੁੱਖ ਕਾਵਿ-ਸੰਗ੍ਰਹਿ ਦੇ ਕੇਂਦਰ ਦਾ ਥੀਮ ਪਰਵਾਸ ਦੀਆਂ ਸਮੱਸਿਆਵਾਂ, ਸਾਮਰਾਜਵਾਦ ਵਿਰੁੱਧ ਭਾਵਨਾ, ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਵਿਸ਼ਿਆਂ ਦੁਆਲੇ ਉਸਰਿਆ ਹੋਇਆ ਹੈ ਜਦੋਂ ਕਿ ਇਸ ਦੇ ਕੇਂਦਰ ਦੇ ਵੀ ਕੇਂਦਰ ਵਿਚ ਆਤਮ-ਕੇਂਦਰਿਤ ਹੋ ਚੁਕੇ ਆਧੁਨਿਕ ਮਨੁੱਖ ਦੀ ਤ੍ਰਾਸਦੀ ਦਾ ਥੀਮ ਪਿਆ ਹੋਇਆ ਹੈ।

## ਹਵਾਲੇ ਅਤੇ ਟਿੱਪਣੀਆਂ:

1. ਡਾ. ਹਰਿਭਜਨ ਸਿੰਘ, **ਰਚਨਾ-ਸੰਰਚਨਾ**, ਪੰਨਾ -20.

2. ਡਾ.ਗੁਰੂਮੇਲ ਸਿੱਧੂ, 'ਪਰਦੇ ਪਿਛਲੀ ਨੰਗੀ ਕਵਿਤਾ', **ਇਕੋ ਜਿਹਾ ਦੁੱਖ**, ਪੰਨਾ -20.

3. ਡਾ. ਕਲਬੀਰ ਸਿੰਘ ਕਾਂਗ, 'ਆਧੁਨਿਕਵਾਦ', ਖੋਜ ਪਤ੍ਰਿਕਾ, ਸਾਹਿਤਿਕ ਵਾਦ ਅੰਕ 32, ਸਤੰਬਰ 1988, ਪੰਨਾ -163.